ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ.ਨਗਰ

(ਸੇਵਾਵਾਂ-1 ਸਾਖਾ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ ਰਾਜ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਪੰਜਾਬ ਰਾਜ।
3. ਡਿਪਟੀ ਡਾਇਰੈਕਟਰ ਰਾਜ ਸਾਇੰਸ ਸਿੱਖਿਆ ਸੰਸਥਾ।
4. ਡਿਪਟੀ ਡਾਇਰੈਕਟਰ ਗਾਇਡੈਂਸ ਬਿਊਰੋ, ਪੰਜਾਬ।
5. ਸਮੂਹ ਪ੍ਰਿੰਸੀਪਲ ਡਾਇਟਸ।
6. ਸਮੂਹ ਪ੍ਰਿੰਸੀਪਲ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰ।
7. ਸਮੂਹ ਪ੍ਰਿੰਸੀਪਲ, ਸਰਕਾਰੀ ਕਾਲਜ (ਪੰਜਾਬ)।
8. ਸਲਾਹਕਾਰ ਤਕਨੀਕੀ ਸਿੱਖਿਆ।
9. ਖੇਤੀਬਾੜੀ ਸਹਾਲਕਾਰ, ਸਿੱਖਿਆ ਵਿਭਾਗ।
10. ਲਾਇਬ੍ਰੇਰੀਅਨ ਸਟੇਟ ਲਾਇਬ੍ਰੇਰੀ, ਪਟਿਆਲਾ।

ਮੀਮੋ ਨੰ: 14/36-2011 ਸੇ1(3)

ਮਿਤੀ: 21-9-2015

ਵਿਸਾ:- ਸਿੱਖਿਆ ਵਿਭਾਗ ਪੰਜਾਬ ਵਿੱਚ ਕਲਰਕਾਂ ਦੀ ਬਦਲੀ ਰਾਹੀਂ ਨਿਯੁਕਤੀਆਂ ਕਰਨ ਬਾਰੇ।

ਸ੍ਰੀਮਾਨ ਜੀ,

ਸਿੱਖਿਆ ਵਿਭਾਗ, ਪੰਜਾਬ ਦੇ ਮੁੱਖ ਦਫਤਰ ਵਿੱਚ ਕਲਰਕਾਂ ਦੀਆਂ ਕੁੱਝ ਖਾਲੀ ਅਸਾਮੀਆਂ ਨੂੰ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ ਵਿਚੋਂ ਬਦਲੀ ਰਾਹੀਂ ਭਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਅਸਾਮੀਆਂ ਸਰਕਾਰੀ ਹਦਾਇਤਾਂ ਅਨੁਸਾਰ ਭਰੀਆਂ ਜਾਣੀਆਂ ਹਨ। ਸਿੱਖਿਆ ਵਿਭਾਗ, ਪੰਜਾਬ ਵਿੱਚ ਬਦਲੀ ਰਾਹੀਂ ਕਲਰਕ ਦੀ ਅਸਾਮੀ ਤੇ ਨਿਯੁਕਤੀ ਲਈ ਉਮੀਦਵਾਰ ਨੂੰ ਹੇਠ ਲਿਖੀਆਂ ਯੋਗਤਾਵਾਂ/ਤਜਰਬਾ ਪੂਰਾ ਕਰਨਾ ਚਾਹੀਦਾ ਹੈ:-

| | |
|---|---|
| 1.ਵਿਦਿਅਕ ਯੋਗਤਾ | ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 10 ਫਰਬਰੀ 2009 ਅਨੁਸਾਰ ਕਲਰਕ ਦੀ ਵਿਦਿਅਕ ਯੋਗਤਾ ਬੀ.ਏ.+120 ਘੰਟੇ ਦਾ ਕੰਪਿਊਟਰ ਕੋਰਸ ਜੋ ਕਿ ISO 9001 ਸਰਟੀਫਾਈਡ ਸੰਸਥਾ ਤੋਂ ਕੀਤਾ ਹੋਵੇ ਹੈ। |
| 2.ਪੰਜਾਬੀ ਟਾਈਪ ਟੈਸਟ | ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਲਰਕ ਦੀ ਅਸਾਮੀ ਲਈ ਪੰਜਾਬੀ ਟਾਈਪ ਟੈਸਟ ਪਾਸ ਹੋਣਾ ਜਰੂਰੀ ਹੈ। ਮੁੱਖ ਦਫਤਰ ਵਿਖੇ ਆਉਣ ਲਈ ਕੰਪਿਊਟਰ ਪੰਜਾਬੀ ਟਾਈਪ ਟੈਸਟ ਪਾਸ ਕਰਨਾ ਪਵੇਗਾ। |

3. ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਵਿਦਿਅਕ ਯੋਗਤਾਵਾਂ/ਤਜਰਬਾ ਆਦਿ ਦੀ ਸ਼ਰਤ ਪੂਰੀ ਕਰਨ ਵਾਲੇ ਰੈਗੂਲਰ ਕਰਮਚਾਰੀ ਜਿਹੜੇ ਪੰਜਾਬ ਸਿੱਖਿਆ ਵਿਭਾਗ ਵਿੱਚ ਕਲਰਕ ਦੀ ਅਸਾਮੀ ਤੇ ਨਿਯੁਕਤੀ ਦੇ ਚਾਹਵਾਨ ਹੋਣ, ਦੇ ਨਾਵਾਂ ਦੀ ਸਿਫਾਰਿਸ ਸਮੇਤ ਪ੍ਰਤੀ ਬੇਨਤੀਆਂ ਉਨ੍ਹਾਂ ਦੀਆਂ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟ ਦੀਆਂ ਕਾਪੀਆਂ ਸਮੇਤ ਮਿਤੀ 30.09.15 ਤੱਕ ਡਾਇਰੈਕਟੋਰੇਟ (ਸੈਕੰਡਰੀ ਸਿੱਖਿਆ) ਦੀ ਸੇਵਾਵਾਂ-1 ਸਾਖਾ ਵਿੱਚ ਭੇਜੇ ਜਾਣ। ਸਿਫਾਰਿਸ ਭੇਜਣ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਸਿਫਾਰਿਸ ਕੀਤੇ ਕਰਮਚਾਰੀ ਬਤੌਰ ਕਲਰਕ ਰੈਗੂਲਰ ਅਧਾਰ ਤੇ ਨਿਯੁਕਤ ਕੀਤੇ ਗਏ ਹੋਣ ਅਥਵਾ ਉਨ੍ਹਾਂ ਦੀ ਨਿਯੁਕਤੀ ਤਦ ਅਰਥ ਅਧਾਰ ਤੇ ਨਾ ਹੋਵੇ।

4. ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਮੁੱਖ ਦਫਤਰ ਸਿੱਖਿਆ ਵਿਭਾਗ ਵਿੱਚ ਕਲਰਕਾਂ ਦਾ ਤਨਖਾਹ ਸਕੇਲ 10300-34800+3200 ਹੋਵੇਗਾ ਅਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਵਿੱਚ ਸੀਨੀਆਰਤਾ ਜੁਆਇੰਨ ਕਰਨ ਦੀ ਮਿਤੀ ਤੋਂ ਦਿੱਤੀ ਜਾਵੇਗੀ। ਭਾਵ ਕਿ ਇਹ ਕਰਮਚਾਰੀ ਮੁੱਖ ਦਫਤਰਾਂ ਵਿੱਚ ਕਲਰਕਾਂ ਦੀ ਸੀਨੀਆਰਤਾ ਵਿੱਚ ਟੇਲ ਤੇ ਲੱਗਣਗੇ। ਸੀਨੀਅਰ ਕਲਰਕ ਅਤੇ ਜੂਨੀਅਰ ਸਹਾਇਕ ਦੇ ਨਾਵਾਂ ਦੀ ਸਿਫਾਰਿਸ ਨਾ ਕੀਤੀ ਜਾਵੇ। ਅਜਿਹੇ ਕਲਰਕ ਜੋ ਉਕਤ ਸਰਤਾਂ ਅਧੀਨ ਸਿੱਖਿਆ ਵਿਭਾਗ ਵਿੱਚ ਬਤੌਰ ਕਲਰਕ ਨਿਯੁਕਤੀ ਦੇ ਪਾਤਰ/ਇੱਛੁਕ ਹੋਣ, ਦੇ ਨਾਂ ਨਾਲ ਨੱਥੀ ਪ੍ਰੋਫਾਰਮੇ ਵਿੱਚ ਅਸਲ ਪ੍ਰਤੀ ਬੇਨਤੀ ਸਮੇਤ ਸਿਫਾਰਿਸ ਕੀਤੇ ਜਾਣ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪਿਠ ਅੰਕਣ ਨੰ: ਉਕਤ ਮਿਤੀ: 21-9-2015

ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ/ਐਸਿ) ਅਤੇ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਅਤੇ ਸਕੂਲ ਡਾਇਰੈਕਟੋਰੇਟ ਦੇ ਸਮੂਹ ਸਾਖਾ ਮੁੱਖੀਆਂ/ਅਧਿਕਾਰੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਉਨ੍ਹਾਂ ਅਧੀਨ ਕੋਈ ਕਲਰਕ ਮੁੱਖ ਦਫਤਰ ਤੋਂ ਅਧੀਨ ਦਫਤਰ ਵਿੱਚ ਜਾਣ ਦਾ ਇੱਛੁਕ ਹੋਵੇ ਅਤੇ ਆਪਣੀ ਮੁੱਖ ਦਫਤਰ ਦੀ ਸੀਨੀਆਰਤਾ ਛੱਡ ਕੇ ਜਾਣ ਲਈ ਤਿਆਰ ਹੋਵੇ ਤਾਂ ਉਸਦੀ ਪ੍ਰਤੀ ਬੇਨਤੀ ਸਿਫਾਰਿਸ ਸਹਿਤ ਮਿਤੀ 30.09.2015 ਤੱਕ ਸੇਵਾਵਾਂ-1 ਸਾਖਾ ਵਿੱਚ ਪੁੱਜਦੀ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

**ਪ੍ਰੋਫਾਰਮਾ**

1. ਉਮੀਦਵਾਰ ਦਾ ਨਾਂ ਅਤੇ ਪੂਰਾ ਪਤਾ:

2. ਜਨਮ ਮਿਤੀ:

3. ਬਤੌਰ ਰੈਗੂਲਰ ਕਲਰਕ ਨਿਯੁਕਤ ਦੀ ਮਿਤੀ:

4. ਕੀ ਆਰਜੀ ਹੈ ਜਾਂ ਪੱਕਾ?

5. ਕੀ ਅਨੁਸੂਚਿਤ ਜਾਤੀ/ਪੱਛੜੀ ਸ੍ਰੇਣੀ/ਸਾਬਕਾ ਫੌਜੀ/ਅੰਗਹੀਣ ਆਦਿ ਹੈ?

6. ਮੌਜੂਦਾ ਤਨਖਾਹ ਸਕੇਲ ਅਤੇ ਅਹੁੱਦਾ ਜਿਸ ਤੇ ਕੰਮ ਕਰ ਰਿਹਾ ਹੈ।

7. ਕੀ ਕੋਈ ਵਿਭਾਗੀ ਪੜਤਾਲ ਉਮੀਦਵਾਰ ਵਿਰੁੱਧ ਪੈਂਡਿੰਗ ਹੈ ਜਾਂ ਨਹੀਂ?

   ਜੇਕਰ ਹੈ ਤਾਂ ਵੇਰਵਾ ਦਿੱਤਾ ਜਾਵੇ।

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਪ੍ਰੋਫਾਰਮੇ ਵਿੱਚ ਪੂਰੀ ਸੂਚਨਾ ਸਹੀ ਹੈ ਅਤੇ ਰਿਕਾਰਡ ਦੇ ਅਧਾਰਿਤ ਹੈ।

ਨੱਥੀ/ਪ੍ਰਤੀ ਬੇਨਤੀ

ਦਫਤਰ ਦੇ ਮੁੱਖੀ ਦੇ ਹਸਤਾਖਰ ਅਤੇ ਮੋਹਰ